# Repatriations under the Vande Bharat Mission cross 5 lakhs

July 03, 2020

## ਵੰਦੇ ਭਾਰਤ ਮਿਸ਼ਨ ਦੇ ਤਹਿਤ ਵਤਨ ਵਾਪਸੀ ਕਰਨ ਵਾਲਿਆਂ ਦੀ ਗਿਣਤੀ 5 ਲੱਖ ਪਾਰ

3 ਜੁਲਾਈ, 2020

ਵੰਦੇ ਭਾਰਤ ਮਿਸ਼ਨ (ਵੀ.ਬੀ.ਐਮ.) ਤੇ ਤਹਿਤ ਫਸੇ ਹੋਏ ਰਿਕਾਰਡ 5 ਲੱਖ ਭਾਰਤੀ ਸੁਰੱਖਿਅਤ ਭਾਰਤ ਪਰਤ ਆਏ ਹਨ। ਵੀ.ਬੀ.ਐਮ. ਦਾ ਕੰਮਕਾਜ 7 ਮਈ, 2020 ਨੂੰ ਸ਼ੁਰੂ ਹੋਇਆ ਸੀ ਅਤੇ ਦੋ ਮਹੀਨਿਆਂ ਤੋਂ ਵੀ ਘੱਟ ਸਮੇਂ ਅੰਦਰ ਦੂਰ ਦੁਰਾਡੇ ਦੇ ਇਲਾਕਿਆਂ ਵਿੱਚ ਫਸੇ ਹੋਏ ਲੋਕਾਂ ਸਮੇਤ 137 ਦੇਸ਼ਾਂ ਤੋਂ 5,03,990 ਫਸੇ ਭਾਰਤੀ ਆਪਣੇ ਘਰਾਂ ਨੂੰ ਪਰਤ ਚੁੱਕੇ ਹਨ। ਇਸ ਗੱਲ ਦੇ ਮੱਦੇਨਜ਼ਰ ਕਿ ਮਜਬੂਰੀ 'ਚ ਫਸੇ ਹੋਏ ਭਾਰਤੀਆਂ ਨੂੰ ਵਤਨ ਵਾਪਸ ਲਿਆਉਣ ਦਾ ਮੁੱਢਲਾ ਟੀਚਾ ਸਿਰਫ 2 ਲੱਖ ਹੀ ਸੀ, ਇਹ ਇੱਕ ਮਹੱਤਵਪੂਰਨ ਪ੍ਰਾਪਤੀ ਹੈ।

2. ਫਸੇ ਹੋਏ ਭਾਰਤੀਆਂ ਦੀ ਸਭ ਤੋਂ ਵੱਧ ਗਿਣਤੀ ਕੇਰਲ (98585) ਵਾਪਸ ਪਹੁੰਚੀ, ਜਿਸ ਤੋਂ ਬਾਅਦ ਉੱਤਰ ਪ੍ਰਦੇਸ਼, ਬਿਹਾਰ, ਤਮਿਲਨਾਡੂ, ਪੱਛਮੀ ਬੰਗਾਲ, ਮਹਾਰਾਸ਼ਟਰ, ਕਰਨਾਟਕ, ਗੁਜਰਾਤ ਅਤੇ ਆਂਧਰਾ ਪ੍ਰਦੇਸ਼ ਆਉਂਦੇ ਹਨ. ਵੀ.ਬੀ.ਐਮ. ਤਹਿਤ ਫਲਾਈਟਾਂ ਰਾਹੀਂ ਵਾਪਸ ਪਰਤੇ। ਸਭ ਤੋਂ ਵੱਧ ਭਾਰਤੀ ਯੂ.ਏ.ਈ (57,305) ਤੋਂ ਹਨ, ਜਿਸ ਤੋਂ ਬਾਅਦ ਕੁਵੈਤ, ਕਤਰ, ਓਮਾਨ, ਸਊਦੀ ਅਰਬ ਅਤੇ ਸੰਯੁਕਤ ਰਾਜ ਅਮਰੀਕਾ ਦਾ ਨੰਬਰ ਆਉਂਦਾ ਹੈ ਅਤੇ ਨੇਪਾਲ ਤੋਂ 91,193 ਭਾਰਤੀ ਜ਼ਮੀਨੀ ਸਰਹੱਦ ਦੀਆਂ ਚੈੱਕ ਪੋਸਟਾਂ ਰਾਹੀਂ ਵਾਪਸ ਪਰਤੇ ਹਨ।

3. ਵੀ.ਬੀ.ਐਮ. ਤਹਿਤ ਏਅਰ ਇੰਡੀਆ ਦੀਆਂ 860 ਫਲਾਈਟਾਂ, 1256 ਚਾਰਟਰ ਫਲਾਈਟਾਂ ਅਤੇ ਜਲ ਸੈਨਾ ਦੇ 8 ਸਮੁੰਦਰੀ ਜਹਾਜ਼ ਸ਼ਾਮਲ ਸੀ। ਏਅਰ ਇੰਡੀਆ ਰਾਹੀਂ ਵਤਨ ਵਾਪਸ ਆਏ ਫਸੇ ਭਾਰਤੀਆਂ ਦੀ ਗਿਣਤੀ 1,64,121, ਭਾਰਤੀ ਸਮੁੰਦਰੀ ਫੌਜ ਵੱਲੋਂ ਮਾਲਦੀਵ, ਈਰਾਨ ਅਤੇ ਕੋਲੰਬੋ ਤੋਂ 8 ਸਮੁੰਦਰੀ ਜਹਾਜ਼ਾਂ ਵਿਚ ਵਾਪਸ ਲਿਆਂਦੇ ਗਏ ਭਾਰਤੀਆਂ ਦੀ ਗਿਣਤੀ 3,987; ਚਾਰਟਰਡ ਫਲਾਈਟਾਂ ਰਾਹੀਂ ਪਹੁੰਚੇ ਭਾਰਤੀਆਂ ਦੀ ਗਿਣਤੀ 2,30,832 ਅਤੇ ਵਿਦੇਸ਼ੀ ਕੈਰੀਅਰ ਰਾਹੀਂ ਪਹੁੰਚੇ ਭਾਰਤੀਆਂ ਦੀ ਗਿਣਤੀ 3,969 ਸੀ, ਲਗਭਗ 60 ਹਵਾਈ ਐਂਬੂਲੈਂਸਾਂ ਦਾ ਇਸਤੇਮਾਲ ਹੋਇਆ ਅਤੇ 95,220 ਭਾਰਤੀ ਗੁਆਂਢੀ ਦੇਸ਼ਾਂ ਨਾਲ ਲਗਦੀਆਂ ਜ਼ਮੀਨੀ ਸਰਹੱਦਾਂ 'ਤੇ ਬਣੀਆਂ ਚੈੱਕ ਪੋਸਟਾਂ ਰਾਹੀਂ ਵਤਨ ਵਾਪਸ ਪੁੱਜੇ।

ਇਹ ਵੱਡਾ ਕਾਰਜ ਵਿਦੇਸ਼ਾਂ ਵਿੱਚ ਬਣੇ ਭਾਰਤੀ ਮਿਸ਼ਨਾਂ, ਸਿਵਲ ਏਵੀਏਸ਼ਨ ਮੰਤਰਾਲਾ, ਗ੍ਰਿਹ ਮੰਤਰਾਲਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਅਤੇ ਰਾਜ ਸਰਕਾਰਾਂ ਦੇ ਸਰਗਰਮ ਸਮਰਥਨ ਅਤੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਗਿਆ। ਵਿਦੇਸ਼ ਮੰਤਰਾਲੇ ਵੱਲੋਂ ਨਿਯੁਕਤ ਕੀਤੇ ਗਏ ਸੀਨੀਅਰ ਅਧਿਕਾਰੀਆਂ ਨੇ ਰਾਜ ਕੋਆਰਡੀਨੇਟਰ ਦੇ ਤੌਰ 'ਤੇ ਮੁਖ ਭੂਮਿਕਾ ਨਿਭਾ ਕੇ ਸਭ ਪੱਧਰਾਂ 'ਤੇ ਨਿਰਵਿਘਨ ਤਾਲਮੇਲ ਯਕੀਨੀ ਬਣਾਇਆ।

ਨਵੀਂ ਦਿੱਲੀ

3 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release.